


# ਟੂਣੇ ਦਾ ਇਤਿਹਾਸ !!!



ਅੱਜਕੱਲ੍ਹ ਟੂਣੇ ਨੂੰ ਇੱਕ ਬਹੁਤ ਖਤਰਨਾਕ ਸ਼ੈਅ ਮੰਨਿਆ ਜਾਂਦਾ ਹੈ। ਜੇਕਰ ਕਿਸੇ ਦੇ ਘਰ ਕੋਲ ਟੂਣਾ ਕੀਤਾ ਮਿਲ ਜਾਵੇ ਤਾਂ ਲੋਕ ਆਪਣੇ ਗੁਆਂਢੀਆਂ ਨੂੰ ਗਾਲ੍ਹਾਂ ਕੱਢਣ ਲੱਗਦੇ ਹਨ। ਪਰ ਸਾਡੇ ਪਖੰਡੀ ਸਾਧਾਂ ਨੇ ਅਤੇ ਅੰਧਵਿਸ਼ਵਾਸੀ ਲੋਕਾਂ ਨੇ ਟੂਣੇ ਦਾ ਜੋ ਮਤਲਬ ਅੱਜ ਸਮਝ ਲਿਆ ਅਤੇ ਸਮਝਾ ਦਿੱਤਾ ਅਸਲ ਵਿੱਚ ਟੂਣੇ ਦਾ ਮਤਲਬ ਉਹ ਨਹੀਂ ਸੀ।

ਪੁਰਾਣੇ ਜਮਾਨੇ ਵਿੱਚ ਟੂਣਾ ਵੀ ਇੱਕ ਬਹੁਤ ਜਰੂਰੀ ਅਤੇ ਮਨੁੱਖੀ ਭਲੇ ਲਈ ਕੀਤਾ ਜਾਂਦਾ ਸੀ, ਕਿਉਂਕਿ ਪੁਰਾਣੇ ਜਮਾਨੇ ਵਿੱਚ ਜਦੋਂ ਆਵਾਜਾਈ ਅਤੇ ਸੰਚਾਰ ਸਾਧਨ ਨਹੀਂ ਬਣੇ ਸਨ ਤਾਂ ਜਦੋਂ ਕੋਈ ਵਿਅਕਤੀ ਬਿਮਾਰ ਹੋ ਜਾਂਦਾ ਸੀ ਤਾਂ ਕਈ ਵਾਰ ਵੈਦ ਜਾਂ ਹਕੀਮ ਬਹੁਤ ਦੂਰ ਹੁੰਦਾ ਸੀ ਅਤੇ ਵੈਦ ਹਕੀਮ ਨੂੰ ਲੱਭਣਾ ਅਤੇ ਉਸ ਤੱਕ ਪਹੁੰਚਣ ਵਿੱਚ ਕਾਫੀ ਦੇਰ ਹੋ ਜਾਂਦੀ ਸੀ। ਇਸ ਕਰਕੇ ਲੋਕਾਂ ਨੇ ਵੈਦ ਕੋਲ ਮਰੀਜ਼ ਬਾਰੇ ਆਪਣਾ ਸੁਨੇਹਾ ਪਹੁੰਚਦਾ ਕਰਨ ਲਈ ਟੂਣਾ ਕਰਨ ਦਾ ਤਰੀਕਾ ਅਪਣਾਇਆ।

ਜੇਕਰ ਕਿਸੇ ਇਲਾਕੇ ਵਿੱਚ ਕੋਈ ਸਿਰ ਦਾ ਕੋਈ ਮਰੀਜ਼ ਹੁੰਦਾ ਸੀ ਤਾਂ ਉਸ ਘਰ ਵਾਲੇ ਆਪਣੇ ਘਰ ਤੋਂ ਨੇੜਲੇ ਚੌਂਕ ਵਿੱਚ ਇੱਕ ਨਾਰੀਅਲ ਰੱਖ ਦਿੰਦੇ ਸਨ। ਅਤੇ ਉਸ ਚੌਂਕ ਵਿੱਚੋਂ ਲੰਘਣ ਵਾਲੇ ਲੋਕ ਅੱਗੇ ਦੇ ਲੋਕਾਂ ਨੂੰ ਦੱਸਦੇ ਰਹਿੰਦੇ ਸਨ ਕਿ ਫਲਾਨੇ ਚੌਂਕ ਵਿੱਚ ਟੂਣਾ ਪਿਆ ਹੈ। ਇਸ ਤਰ੍ਹਾਂ ਇੱਕ ਦੋ ਦਿਨ ਵਿੱਚ ਇਹ ਖਬਰ ਵੈਦ ਹਕੀਮ ਕੋਲ ਪਹੁੰਚ ਜਾਂਦੀ ਸੀ, ਅਤੇ ਉਹ ਵੀ ਟੂਣੇ ਬਾਰੇ ਪੁੱਛਦਾ ਹੋਇਆ ਉਸ ਟੂਣੇ ਕੋਲ ਪਹੁੰਚ ਜਾਂਦਾ ਸੀ ਅਤੇ ਉੱਥੋਂ ਮਰੀਜ਼ ਦਾ ਘਰ ਪੁੱਛ ਕੇ ਮਰੀਜ਼ ਦਾ ਇਲਾਜ ਕਰਦਾ ਸੀ। ਇਸ ਤਰ੍ਹਾਂ ਜੇਕਰ ਕਿਸੇ ਇਲਾਕੇ ਵਿੱਚ ਪੇਟ ਦਾ ਮਰੀਜ਼ ਹੁੰਦਾ ਸੀ ਤਾਂ ਨੇੜਲੇ ਚੌਂਕ ਵਿੱਚ ਅਨਾਜ, ਅਤੇ ਦਾਲਾਂ ਆਦਿ ਮਿਲਾ ਕੇ ਰੱਖੀਆਂ ਜਾਂਦੀਆਂ ਸਨ। ਜੇਕਰ ਮਰੀਜ਼ ਨੂੰ ਪੀਲੀਆ ਆਦਿ ਹੁੰਦਾ ਸੀ ਤਾਂ ਅਨਾਜ ਨਾਲ ਹਲਦੀ ਵੀ ਰੱਖ ਦਿੰਦੇ ਸਨ। ਜੇਕਰ ਮਰੀਜ਼ ਕੋਈ ਔਰਤ ਹੁੰਦੀ ਸੀ ਤਾਂ ਸਿਰ ਦਾ ਪ੍ਰਤੀਕ ਤਾਂ ਨਾਰੀਅਲ ਹੁੰਦਾ ਸੀ, ਅਤੇ ਪੇਟ ਦੀ ਬਿਮਾਰੀ ਲਈ ਅਨਾਜ ਰੱਖ ਕੇ ਔਰਤ ਦਾ ਪ੍ਰਤੀਕ ਦੱਸਣ ਲਈ ਉਸਦੀਆਂ ਵੰਗਾਂ (ਚੂੜੀਆਂ), ਸ਼ੀਸ਼ਾ, ਕਾਜਲ ਜਾਂ ਸੁਰਮਾ, ਅਤੇ ਉਸਦੇ ਸ਼ਿੰਗਾਰ ਦੀਆਂ ਚੀਜ਼ਾਂ ਰੱਖ ਦਿੰਦੇ ਸਨ, ਤਾਂ ਕਿ ਹਕੀਮ ਨੂੰ ਪਤਾ ਲੱਗ ਸਕੇ ਕਿ ਮਰੀਜ਼ ਕੋਈ ਔਰਤ ਹੈ।

ਜੇਕਰ ਮਰੀਜ਼ ਕੋਈ ਬੱਚਾ ਹੁੰਦਾ ਸੀ ਤਾਂ ਟੂਣੇ ਦੇ ਨਾਲ ਕੁਝ ਖਿਡੌਣੇ ਆਦਿ ਰੱਖੇ ਜਾਂਦੇ ਸਨ। ਇਸ ਤਰ੍ਹਾਂ ਇਹ ਟੂਣਾ ਪੁਰਾਣੇ ਜਮਾਨੇ ਵਿੱਚ ਲੋਕਾਂ ਦੀ ਬਹੁਤ ਸੇਵਾ ਕਰਿਆ ਕਰਦਾ ਸੀ। ਪਰ ਸੰਚਾਰ ਸਾਧਨ ਅਤੇ ਆਵਾਜਾਈ ਦੇ ਸਾਧਨ ਵਿਕਸਿਤ ਹੋਣ ਕਰਕੇ ਇਸਦੀ ਅਸਲੀ ਵਰਤੋਂ ਤਾਂ ਬੰਦ ਹੋ ਗਈ ਅਤੇ ਅਸੀਂ ਅੱਜ ਦੇ ਸਮੇਂ ਵਿੱਚ ਡਾਕਟਰ ਕੋਲ ਪਹੁੰਚਣ ਲਈ ਟੈਲੀਫੋਨ ਅਤੇ ਆਵਾਜਾਈ ਦੇ ਸਾਧਨ ਵਰਤਦੇ ਹਾਂ। ਪਰ ਕੁਝ ਪਖੰਡੀ ਲੋਕਾਂ ਨੇ ਆਪਣਾ ਪਖੰਡ ਦਾ ਕਾਰੋਬਾਰ ਚਲਾਉਣ ਲਈ ਟੂਣੇ ਨੂੰ ਬਦਨਾਮ ਅਤੇ ਡਰਾਉਣਾ ਬਣਾ ਦਿੱਤਾ। ਜੇਕਰ ਕੋਈ ਅੰਧਵਿਸ਼ਵਾਸੀ ਵਿਅਕਤੀ ਕਿਸੇ ਪਖੰਡੀ ਸਾਧ ਕੋਲ ਜਾਂਦਾ ਹੈ ਤਾਂ ਉਸ ਵਿਅਕਤੀ ਦੀ ਸਮੱਸਿਆ ਦਾ ਹੱਲ ਕਰਨ ਲਈ ਉਹ ਪਖੰਡੀ ਸਾਧ ਉਸਨੂੰ ਕੁਝ ਵਸਤਾਂ ਕਿਸੇ ਚੌਂਕ ਆਦਿ ਵਿੱਚ ਰੱਖਣ ਲਈ ਕਹਿੰਦਾ ਹੈ ਅਤੇ ਜਿਸਦੇ ਘਰ ਕੋਲ ਉਹ ਚੌਂਕ ਹੁੰਦਾ ਹੈ ਉਹ ਕਿਸੇ ਵਿਅਕਤੀ ਉੱਪਰ ਸ਼ੱਕ ਕਰਕੇ ਉਸ ਨਾਲ ਲੜਾਈ ਝਗੜਾ ਕਰਦਾ ਹੈ। ਸੋ ਸਾਨੂੰ ਇਹਨਾਂ ਪਖੰਡੀ ਸਾਧਾਂ ਦੇ ਇਹਨਾਂ ਪਖੰਡਾਂ ਤੋਂ ਬਚਣ ਦੀ ਲੋੜ ਹੈ, ਤਾਂ ਕਿ ਅਸੀਂ ਆਪਣੀ ਆਰਥਿਕ ਅਤੇ ਮਾਨਸਿਕ ਲੁੱਟ ਹੋਣ ਤੋਂ ਬਚਾ ਸਕੀਏ।

ਪੰਜਾਬੀ ਸੱਭਿਆਚਾਰ ਨੂੰ ਸਮਰਪਿਤ...



## ਪੰਜ ਸਵਾਲ ...?

1. ਬਲਦਾਂ ਦੀ ਦੌੜ ਵੇਲੇ ਜਿਸ ਅੱਗੇ ਬਲਦ ਜੋੜੇ ਜਾਂਦੇ ਹਨ ਉਸ ਨੂੰ ਕੀ ਕਹਿੰਦੇ ਹਨ ?
2. ਬੱਕਲੀਆਂ ਜਾਂ ਛੋਲੇ ਕਿਸ ਚੀਜ਼ ਵਿਚ ਕੁੱਟੇ ਜਾਂਦੇ ਹਨ ?
3. ਟਾਂਗੇ ਨੂੰ ਹੋਰ ਕਿਸ ਨਾਮ ਨਾਲ ਜਾਣਿਆ ਜਾਂਦਾ ਹੈ ?
4. ਸਾਗ ਤੋੜਦੀ ਮੁਰੱਬਿਆਂ ਵਾਲੀ ਵਿਚ ਮੁਰੱਬਿਆਂ ਤੋਂ ਕੀ ਭਾਵ ਹੈ ?
5. ਮੁਹਾਰ ਕੀ ਹੁੰਦੀ ਹੈ ?

## ਪਿਛਲੇ ਅੰਕ ਵਿੱਚ ਪੁੱਛੇ ਗਏ ਸਵਾਲਾਂ ਦੇ ਸਹੀ ਜਵਾਬ

1. ਕੋਈ ਅਜਿਹੀ ਬੋਲੀ ਦੱਸੋ ਜਿਸ ਵਿੱਚ ਵੀਰ, ਭਾਬੀ, ਕੈਂਠਾ ਅਤੇ ਫੁਲਕਾਰੀ ਦਾ ਜ਼ਿਕਰ ਆਵੇ ?

ਉੱਤਰ - ਵੀਰ ਮੇਰੇ ਨੂੰ ਕੈਂਠਾ ਤੇ ਭਾਬੋ ਨੂੰ ਫੁਲਕਾਰੀ, ਜੁਗ-ਜੁਗ ਜੀ ਭਾਬੋ ਲੱਗੇ ਜਾਣ ਤੋਂ ਪਿਆਰੀ

2. 'ਅਹਿਲਕਾਰੀਅ' ਇਕ ਪੁਰਾਤਣ ਗਹਿਣਾ ਹੈ ਇਹ ਸਰੀਰ ਦੇ ਕਿਸ ਅੰਗ ਵਿੱਚ ਪਹਿਣਿਆ ਜਾਂਦਾ ਸੀ ?

ਉੱਤਰ - ਅਹਿਲਕਾਰੀਆ ਗਹਿਣਾ ਕੰਨਾਂ ਵਿਚ ਪਹਿਣਿਆ ਜਾਂਦਾ ਹੈ।

3. ਪੁਰਾਤਨ ਸਮੇਂ ਜਦੋਂ ਖੂਹ ਚੱਲਦਾ ਸੀ ਤਾਂ ਖੂਹ ਚੱਲਦੇ ਤੇ ਟਿਕ-ਟਿਕ ਦੀ ਆਵਾਜ਼ ਆਉਂਦੀ ਹੁੰਦੀ ਸੀ। ਆਵਾਜ਼ ਕਰਨ ਵਾਲੀ ਉਸ ਚੀਜ਼ ਨੂੰ ਕੀ ਕਹਿੰਦੇ ਸਨ ?

ਉੱਤਰ - ਪੁਰਾਤਣ ਸਮੇਂ ਵਿਚ ਖੂਹ ਚਲਦੇ ਸਮੇਂ ਟਿਕ-ਟਿਕ ਕਰਨ ਵਾਲੀ ਚੀਜ਼ ਨੂੰ 'ਕੁੱਤਾ' ਕਹਿੰਦੇ ਸਨ।

4. ਘਰਾਟ ਕੀ ਹੁੰਦਾ ਹੈ ?

ਉੱਤਰ - 'ਘਰਾਟ' ਉਸ ਆਟਾ ਚੱਕੀ ਨੂੰ ਕਿਹਾ ਜਾਂਦਾ ਹੈ ਜੋ ਨਹਿਰ ਦੇ ਪਾਣੀ ਨਾਲ ਚੱਲਦੀ ਹੈ।

5. ਖੂਹ ਜੋੜਣ ਲਈ ਬਲਦ ਤੇ ਕੀ ਪਾਈ ਜਾਂਦੀ ਸੀ ?

ਉੱਤਰ - ਖੂਹ ਜੋੜਨ ਲਈ ਬਲਦਾਂ ਦੇ ਪੰਜਾਲੀ ਪਾਈ ਜਾਂਦੀ ਹੈ।



ਪਿਆਰੇ ਪਾਠਕੋ,

ਸਾਨੂੰ ਪੰਜ ਸਵਾਲਾ ਦੇ ਜਵਾਬ ਲਿਖਤੀ ਰੂਪ ਵਿੱਚ ਭੇਜੋ। ਸਹੀ ਜਵਾਬ ਭੇਜਣ ਵਾਲੇ ਸਾਰੇ ਹੀ ਪਾਠਕਾ ਨੂੰ 'ਮਹਿਕ ਵਤਨ ਦੀ' ਵੱਲੋਂ ਸਨਮਾਣ ਪੱਤਰ ਭੇਜੇ ਜਾਦੇ ਹਨ। ਜੇਕਰ ਸਹੀ ਜਵਾਬ ਭੇਜਣ ਵਾਲੇ ਕਿਸੇ ਪਾਠਕ ਨੂੰ ਉਸ ਦਾ ਸਨਮਾਣ ਪੱਤਰ ਨਹੀ ਮਿਲਦਾ ਦਾ ਉਹ 'ਮਹਿਕ ਵਤਨ ਦੀ' ਪੇਪਰ ਦੇ ਦਫਤਰ ਤੋ ਆਪਣਾ ਸਨਮਾਣ ਪੱਤਰ ਹਾਸਿਲ ਕਰ ਸਕਦਾ ਹੈ ।

**ਪੰਜ ਸਵਾਲ ਪ੍ਰਤੀਯੋਗਤਾ ਵਾਸਤੇ ਜਵਾਬ ਭੇਜਣ ਲਈ ਪਤਾ:**

'ਮਹਿਕ ਵਤਨ ਦੀ ਲਾਈਵ' 1195, ਅਜੀਤ ਨਗਰ ਮੋਗਾ - 142 001 (ਪੰਜਾਬ)

ਈ-ਮੇਲ: mehakwattandi@rediffmail.com ਹੈਲਪ ਲਾਈਨ: 9988 92 9988

# ਫੁਲਕਾਰੀ ਵਾਂਗ ਬਾਗ ਵੀ ਪੰਜਾਬੀ ਵਿਰਸੇ ਦੀ ਇੱਕ ਬੜੀ ਅਨਮੋਲ ਚੀਜ਼

ਫੁਲਕਾਰੀ ਵਾਂਗ ਬਾਗ ਵੀ ਪੰਜਾਬੀ ਵਿਰਸੇ ਦੀ ਇੱਕ ਬੜੀ ਅਨਮੋਲ ਚੀਜ਼ ਹੋਇਆ ਕਰਦਾ ਸੀ। ਅੱਜ ਇਸ ਦਾ ਬਹੁਤ ਸਾਰੇ ਲੋਕਾਂ ਨੂੰ ਤਾਂ ਪਤਾ ਵੀ ਨਹੀਂ ਹੈ। ਜ਼ਿਆਦਾਤਰ ਲੋਕ ਇੱਥੇ ਬਾਗ ਨੂੰ ਫੁੱਲਾਂ ਦਾ ਬਾਗ ਹੀ ਸਮਝਣਗੇ। ਪਰ ਬਾਗ ਵੀ ਫੁਲਕਾਰੀ ਵਰਗਾ ਹੀ ਸਿਰ ਤੇ ਲਿਆ ਜਾਣ ਵਾਲਾ ਇੱਕ ਕੱਪੜਾ ਹੁੰਦਾ ਸੀ। ਜੋ ਕਿ ਫੁਲਕਾਰੀ ਨਾਲ ਬਹੁਤ ਜਿਆਦਾ ਮੇਲ ਖਾਂਦਾ ਸੀ। ਫਰਕ ਸਿਰਫ਼ ਇਨਾ ਹੁੰਦਾ ਹੈ ਕਿ ਫੁਲਕਾਰੀ ਦੀ ਕਢਾਈ ਕੁਝ ਹੱਦ ਤੱਕ ਵਿਰਲੀ ਹੁੰਦੀ ਹੈ ਅਤੇ ਬਾਗ ਦੀ ਕਢਾਈ ਸੰਘਣੀ ਹੁੰਦੀ ਹੈ। ਸ਼ਾਇਦ ਇਸੇ ਕਰਕੇ ਹੀ ਇਸ ਨੂੰ ਬਾਗ ਕਹਿੰਦੇ ਹਨ, ਕਿਉਂਕਿ ਫੁਲਕਾਰੀ ਦਾ ਨਾਂ ਜਿਸ ਤਰਾਂ ਫੁੱਲਾਂ ਦੀ ਕਿਆਰੀ ਤੋਂ ਫੁਲਕਾਰੀ ਬਣ ਗਿਆ। ਇਸੇ ਤਰਾਂ ਹੀ ਬਾਗ ਦਾ ਨਾਂ ਵੀ ਇਸ ਦੀ ਸੰਘਣੀ ਕਢਾਈ ਕਰਕੇ ਬਾਗ ਪੈ ਗਿਆ। ਬਾਗ ਦੀ ਕਢਾਈ ਜਿੱਥੇ ਸੰਘਣੀ ਹੁੰਦੀ ਹੈ ਉੱਥੇ ਇਸ ਦਾ ਇੱਕ ਹੋਰ ਮੁੱਖ ਪਹਿਲੂ ਇਹ ਹੈ ਕਿ ਇਸ ਦੀ ਕਢਾਈ ਪੁੱਠੇ ਪਾਸਿਉਂ ਕੀਤੀ ਜਾਂਦੀ ਸੀ, ਜੋ ਕਿ ਬੜੀ ਕਠਿਨ ਹੁੰਦੀ ਸੀ। ਇੱਕ ਬਾਗ ਨੂੰ ਕਈ ਵਾਰ ਅੱਠ ਦਸ ਮਹੀਨੇ ਜਾਂ ਸਾਲ ਦਾ ਸਮਾਂ ਵੀ ਲੱਗ ਜਾਂਦਾ ਸੀ। ਬਾਗ ਦੀ ਵਰਤੋਂ ਜਿਆਦਾਤਰ ਸ਼ਗਨਾ ਵਾਲੇ ਦਿਨ ਕੀਤੀ ਜਾਂਦੀ ਸੀ। ਸੁਆਣੀਆਂ ਇਸ ਨੂੰ ਬੜੀ ਸ਼ਿੱਦਤ ਨਾਲ ਆਪਣੇ ਤੇ ਲਿਆ ਕਰਦੀਆਂ ਸਨ। ਇਸ ਨੂੰ ਕੁੜੀਆਂ ਆਪਣੇ ਦਾਜ ਵਿੱਚ ਵੀ ਇੱਕ ਰਸਮ ਦੇ ਤੌਰ ਤੇ ਸਹੁਰੇ ਘਰ ਲੈ ਕੇ ਜਾਇਆ ਕਰਦੀਆਂ ਸਨ। ਬਾਗ ਦੀਆਂ ਕਈ ਕਿਸਮਾਂ ਹੋਇਆ ਕਰਦੀਆਂ ਸਨ ਅਤੇ ਲੋੜ ਮੁਤਾਬਿਕ ਇਨਾਂ ਨੂੰ ਵਰਤੋਂ ਵਿੱਚ ਲਿਆਂਦਾ ਜਾਂਦਾ ਸੀ। ਬਾਗ ਦੇ ਰੰਗਾਂ ਬਾਰੇ ਵੀ ਕਿਹਾ ਜਾਂਦਾ ਸੀ ਕਿ ਪੀਲੇ ਰੰਗ ਨੂੰ ਬਹੁਤ ਘੱਟ ਵਰਤੋਂ ਵਿੱਚ ਲਿਆਂਦਾ ਜਾਂਦਾ ਸੀ ਕਿਉਂਕਿ ਇਹ ਰੰਗ ਬਹੁਤ ਛੇਤੀ ਫਿਟ ਜਾਂਦਾ ਜਾਂ ਧੋਣ ਸਮੇਂ ਹਰ ਵਾਰੀ ਲੱਥਦਾ ਰਹਿੰਦਾ ਸੀ ਤੇ ਕਿਹਾ ਜਾਂਦਾ ਸੀ।



ਪੱਟ ਖੱਟਾ ਧੋਵੇਂਗੀ ਤਾਂ ਰੋਵੇਂਗੀ - ਬਾਗ ਦੀ ਕਢਾਈ ਲਾਲ ਕੱਪੜੇ 'ਤੇ ਰੰਗ ਬਰੰਗੇ ਕਢਾਈ ਵਾਲੇ ਧਾਗਿਆਂ ਨਾਲ ਢੱਕ ਕੇ ਬੜੇ ਸਲੀਕੇ ਨਾਲ ਕਢਾਈ ਕੀਤੀ ਜਾਂਦੀ ਸੀ, ਜੋ ਬੜੀ ਉੱਭਰਕੇ ਦੇਖਣ ਵਾਲੇ ਦਾ ਧਿਆਨ ਆਪਣੇ ਵੱਲ ਖਿਚਦੀ ਸੀ। ਪਹਿਲੇ ਸਮਿਆਂ ਵਿੱਚ ਔਰਤਾਂ ਬਾਹਰ ਨਿਕਲਦੇ ਸਮੇਂ ਬਾਗ ਦਾ ਘੁੰਢ ਕੱਢ ਕੇ ਬਾਹਰ ਨਿਕਲਿਆ ਕਰਦੀਆਂ ਸਨ। ਇਸ ਨੂੰ ਬਾਡਰ ਵਾਲਾ ਜਾਂ ਫੇਰ ਸਾਈਡਡ ਬਾਗ ਵੀ ਕਹਿੰਦੇ ਸਨ ਅਤੇ ਇਹ ਸਾਹਮਣੇ ਤੋਂ ਕਵਰ ਹੁੰਦਾ ਹੈ।

ਇਸ ਤੋਂ ਇਲਾਵਾ ਇੱਕ ਹੋਰ ਕਿਸਮ ਦੇ ਬਾਗ ਵਿੱਚ ਦੋ ਤੋਂ ਪੰਦਰਾਂ ਤੱਕ ਦੇ ਜੁਮੈਟਰੀਕਲ ਡਿਜ਼ਾਈਨ ਹੁੰਦੇ ਹਨ ਜੋ ਵੱਖਰੇ ਵੱਖਰੇ ਤਰੀਕੇ ਨਾਲ ਕੱਪੜੇ ਦੀ ਤਹਿ ਨੂੰ ਢਕ ਲੈਂਦੇ ਹਨ। ਅੱਜਕਲ੍ਹ ਬਾਗ ਦਹੇਜ ਵਿੱਚ ਦਿੱਤੀਆਂ ਜਾਣ ਵਾਲੀਆਂ ਗੱਡੀਆਂ ਦੀ ਸ਼ੋਭਾ ਵਧਾਉਂਦਾ ਹੈ ਜਾਂ ਫਿਰ ਬਾਗ ਸ਼ੋਅ ਰੂਮਾਂ ਦੀ ਸਜਾਵਟ ਨੂੰ ਵੀ ਵਧਾਉਂਦਾ ਹੈ।

ਅੱਜ ਫੁਲਕਾਰੀ ਤੇ ਬਾਗ ਬੀਤੇ ਸਮੇਂ ਦੀ ਗੱਲ ਬਣ ਕੇ ਰਹਿ ਗਏ ਹਨ ਜਿਸ ਬਾਰੇ ਕਿਸੇ ਤਰਾਂ ਭਰਮ ਭੁਲੇਖਾ ਨਹੀਂ ਹੈ। ਅਸੀਂ ਆਪਣੇ ਵਿਰਸੇ ਅਤੇ ਸਭਿਆਚਾਰ ਤੋਂ ਹੌਲੀ ਹੌਲੀ ਦੂਰ ਹੋਈ ਜਾ ਰਹੇ ਹਾਂ ਜਿਸ ਦਾ ਜਿੰਮਾ ਸਾਡੇ ਸਿਰ ਪਹਿਲਾਂ ਆਉਂਦਾ ਅਤੇ ਬਾਅਦ ਵਿੱਚ ਬਦਲਦੇ ਸਮੇਂ ਦਾ ਵੀ ਹੱਥ ਹੈ। ਪਰ ਅਸੀਂ ਸ਼ਾਇਦ ਜਿਆਦਾ ਹੀ ਅਵੇਸਲੇ ਹਾਂ ਅਤੇ ਆਪਣੇ ਵਿਰਸੇ ਨੂੰ ਸਾਂਭਣ ਲਈ ਕਿਸੇ ਤਰ੍ਹਾਂ ਵੀ ਜ਼ਿਮੇਵਾਰੀ ਨਹੀਂ ਦਿਖਾਉਂਦੇ।

ਬਲਵਿੰਦਰ ਸਿੰਘ ਚਾਹਲ 'ਮਾਧੋ ਝੰਡਾ'
0039 320 217 6490